Assignment- 1 Subject: - Punjabi Class: - IV Teacher: - Mrs. Nirmal Kaur

Name: ______________ Class & Sec: _______________ Roll No. ______ Date: __.07.2020

# 3 ਮੱਖੀਆਂ

**ਪਾਠ ਦਾ ਉਦੇਸ਼**— ਆਪਣੇ ਆਲ਼ੇ-ਦੁਆਲ਼ੇ ਨੂੰ ਸਾਫ਼ ਰੱਖਣ ਲਈ ਪ੍ਰੇਰਿਤ ਕਰਨਾ।

ਆਪਣੇ ਜੀਵਨ ਵਿੱਚ ਵੱਡੇ-ਵੱਡੇ ਕੰਮ ਕਰਦਿਆਂ ਕਈ ਵਾਰ ਨਿੱਕੀਆਂ-ਨਿੱਕੀਆਂ ਧਿਆਨ ਯੋਗ ਗੱਲਾਂ ਵੱਲ ਸਾਡਾ ਧਿਆਨ ਹੀ ਨਹੀਂ ਜਾਂਦਾ ਅਤੇ ਜਦੋਂ ਧਿਆਨ ਜਾਂਦਾ ਹੈ ਤਾਂ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ।

ਬੱਚਿਓ ! "ਕੀ ਤੁਸੀਂ ਇਨ੍ਹਾਂ ਨਿੱਕੀਆਂ-ਨਿੱਕੀਆਂ ਮੱਖੀਆਂ ਬਾਰੇ ਜਾਣਦੇ ਹੋ?" "ਹਾਂ ਜੀ ਮੈਡਮ ਜੀ", ਰੋਮੀ ਬੋਲਿਆ, " ਇਹ ਮੱਖੀਆਂ ਸਾਡੀਆਂ ਸਭ ਤੋਂ ਵੱਡੀਆਂ ਦੁਸ਼ਮਣ ਹਨ।"

ਮੱਖੀਆਂ ਦੀ ਮਨ ਭਾਉਂਦੀ ਜਗ੍ਹਾ ਗੰਦਗੀ ਹੈ। ਤੁਸੀਂ ਘਰ ਦੇ ਬਾਹਰ, ਘਰਾਂ ਵਿੱਚ ਜਿੱਥੇ ਕਿਤੇ ਦੀ ਗੰਦਗੀ ਵੇਖੋਗੇ ਉੱਥੇ ਹੀ ਤੁਹਾਨੂੰ ਮੱਖੀਆਂ ਦਾ ਡੇਰਾ ਜ਼ਰੂਰ ਨਜ਼ਰ ਆਵੇਗਾ। ਮੁਸੀਬਤ ਤਾਂ ਉਦੋਂ ਹੁੰਦੀ ਹੈ ਜਦੋਂ ਇਹ ਮੱਖੀਆਂ ਗੰਦ ਦੇ ਢੇਰ ਤੋਂ ਉੱਡ ਕੇ ਸਾਡੀਆਂ ਖਾਣ ਵਾਲੀਆਂ ਚੀਜ਼ਾਂ ਤੇ ਬੈਠ ਜਾਂਦੀਆਂ ਹਨ। ਇਨ੍ਹਾਂ ਦੇ ਪੈਰਾਂ ਨਾਲ ਲੱਗੇ ਕੀਟਾਣੂ ਸਾਡੇ ਖਾਣੇ ਰਾਹੀ ਸਾਡੇ ਪੇਟ ਵਿੱਚ ਪੁੱਜ ਜਾਂਦੇ ਹਨ ਅਤੇ ਅਸੀਂ ਬਿਮਾਰ ਹੋ ਜਾਂਦੇ ਹਾਂ।



ਮੱਖੀਆਂ ਤੋਂ ਬਚਣ ਲਈ ਸਾਨੂੰ ਖਾਣ ਵਾਲੀਆਂ ਵਸਤੂਆਂ ਨੂੰ ਹਮੇਸ਼ਾ ਢੱਕ ਕੇ ਰੱਖਣ

ਚਾਹੀਦਾ ਹੈ। ਬਾਜ਼ਾਰ ਵਿੱਚ ਵਿਕਦੀਆਂ ਖਾਣ-ਪੀਣ ਵਾਲੀਆਂ ਨੰਗੀਆਂ ਚੀਜ਼ਾਂ ਸਾਨੂੰ ਨ
ਖਾਣੀਆਂ ਚਾਹੀਦੀਆਂ। ਫਲ਼ਾਂ ਅਤੇ ਸਬਜ਼ੀਆਂ ਨੂੰ ਧੋ ਕੇ ਖਾਣਾ ਚਾਹੀਦਾ ਹੈ।



ਮੱਖੀਆਂ ਹੈਜ਼ੇ ਵਰਗੀ ਭਿਆਨਕ ਬਿਮਾਰੀ ਫੈਲਾਉਂਦੀਆਂ ਹਨ। ਇਸ ਤੋਂ ਬਚਣ
ਆਪਣੇ ਆਸ-ਪਾਸ ਸਫ਼ਾਈ ਰੱਖਣੀ ਅਤਿ ਜ਼ਰੂਰੀ ਹੈ। ਬਰਸਾਤ ਦੇ ਮੌਸਮ ਵਿੱਚ ਘਰਾਂ ਦੇ
ਡੀ.ਡੀ.ਟੀ. ਦਾ ਛਿੜਕਾਅ ਕਰਕੇ ਇਹਨਾਂ ਨਿੱਕੀਆਂ ਮੁਸੀਬਤਾਂ ਤੋਂ ਬਚਿਆ ਜਾ ਸਕਦਾ ਹੈ।

## ਯਾਦ ਰੱਖਣ ਯੋਗ ਗੱਲਾਂ :

- ਸਾਨੂੰ ਆਪਣਾ ਆਲ਼ਾ-ਦੁਆਲ਼ਾ ਸਾਫ਼ ਰੱਖਣਾ ਚਾਹੀਦਾ ਹੈ।
- ਖਾਣ-ਪੀਣ ਵਾਲੀਆਂ ਚੀਜ਼ਾਂ ਹਮੇਸ਼ਾ ਢੱਕ ਕੇ ਰੱਖੋ ਤੇ ਸਾਫ਼ ਭੋਜਨ ਖਾਓ।

## ਔਖੇ ਸ਼ਬਦਾਂ ਦੇ ਅਰਥ

ਨਿੱਕੀਆਂ — ਛੋਟੀਆਂ (small); ਦੁਸ਼ਮਣ — ਵੈਰੀ (enemy); ਮਨ-ਭਾਉਂਦੀ — ਪਸੰਦੀਦ (favourite); ਜਗ੍ਹਾ — ਸਥਾਨ, ਥਾਂ (place); ਮੁਸੀਬਤ — ਸਮੱਸਿਆ (problem) ਨੰਗੀਆਂ — ਬਿਨਾਂ ਢੱਕੀਆਂ (uncovered); ਭਿਆਨਕ — ਖ਼ਤਰਨਾਕ (dangerous); ਬਰਸਾਤ — ਵਰਖਾ (rain); ਮੌਸਮ — ਰੁੱਤ (season)